بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਾਲਾਨਾ ਬਰਤਾਨੀਆ 2026 ਈ: ਦੇ ਮੌਕ਼ੇ 'ਤੇ ਰਜ਼ਾਕਾਰਾਂ ਅਤੇ ਮਹਿਮਾਨਾਂ ਨੂੰ ਸੁਹਿਰੀ ਨਸੀਹਤਾਂ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 24 ਜੁਲਾਈ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਅੱਜ ਜਲਸਾ ਸਾਲਾਨਾ ਬਰਤਾਨੀਆ ਸ਼ੁਰੂ ਹੋ ਰਿਹਾ ਹੈ। ਮੁਲਕ ਦੇ ਕੋਨੇ ਕੋਨੇ ਅਤੇ ਦੁਨੀਆ ਦੇ ਵੱਖ-ਵੱਖ ਮੁਲਕਾਂ ਤੋਂ ਮਹਿਮਾਨ ਇਸ ਵਿੱਚ ਸ਼ਾਮਿਲ ਹੋਣ ਦੇ ਲਈ ਆ ਰਹੇ ਹਨ ਜਾਂ ਆਏ ਹਨ। ਇਹ ਸਭ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਮਹਿਮਾਨ ਹਨ ਜਿਹੜੇ ਖ਼ਾਸ ਦੀਨੀ **ਮਕ਼ਸਦ** ਦੇ ਲਈ ਇੱਥੇ ਆ ਰਹੇ ਹਨ। ਬਸ ਇਨ੍ਹਾਂ ਮਹਿਮਾਨਾਂ ਦੀ ਮਹਿਮਾਨ ਨਵਾਜ਼ੀ ਵੀ ਖ਼ਾਸ ਅਹਿਮੀਅਤ ਰੱਖਦੀ ਹੈ ਹੈ।

ਅੱਲਾਹ ਤਆਲਾ ਦੇ ਫ਼ਜ਼ਲ ਨਾਲ ਦੁਨੀਆ ਦੇ ਹਰ ਮੁਲਕ ਵਿੱਚ ਜਿੱਥੇ ਸਾਲਾਨਾ ਜਲਸੇ ਹੁੰਦੇ ਹਨ ਉੱਥੋਂ ਦੇ ਬੱਚੇ, ਜਵਾਨ, ਮਰਦ ਅਤੇ ਔਰਤਾਂ ਇਸ ਗੱਲ ਦੀ ਸਮਝ ਰੱਖਦੇ ਹਨ ਕਿ ਅਸੀਂ ਜਲਸੇ ਦੇ ਮਹਿਮਾਨਾਂ ਦੀ **ਸੇਵਾ** ਕਰਨੀ ਹੈ ਅਤੇ ਇਸ ਦੇ ਲਈ ਸਭ ਆਪਣੇ ਆਪ ਨੂੰ ਰਜ਼ਾਕਾਰ ਦੇ ਤੌਰ 'ਤੇ ਪੇਸ਼ ਕਰਦੇ ਹਨ। ਇਸ ਦੇ ਬਾਵਜੂਦ ਕਿ ਹੁਣ ਦੁਨੀਆ ਵਾਲਿਆਂ ਦੀਆਂ ਤਰਜੀਹਾਂ ਬਦਲ ਗਈਆਂ ਹਨ ਪਰ ਜਮਾਅਤ ਦੇ **ਮੁਖ਼ਲਿਸ** ਲੋਕ ਆਪਣੇ ਆਪ ਨੂੰ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਮਹਿਮਾਨਾਂ ਦੀ ਸੇਵਾ ਦੇ ਲਈ ਪੇਸ਼ ਕਰ ਰਹੇ ਹਨ।

ਇਹ ਉਹ ਲੋਕ ਹਨ ਜਿਹੜੇ ਇਸ ਗੱਲ ਦੀ ਸਮਝ ਰੱਖਦੇ ਹਨ ਕਿ ਅੱਲਾਹ ਤਆਲਾ ਨੇ ਮਹਿਮਾਨਾਂ ਦੀ **ਸੇਵਾ** ਅਤੇ **ਇੱਜ਼ਤ** ਅਤੇ **ਤਕਰੀਮ** ਦਾ ਹੁਕਮ ਦਿੱਤਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਅਮਲ ਅਤੇ ਕ਼ੌਲ ਨਾਲ ਇਸ ਗੱਲ ਦੀ ਤਲਕ਼ੀਨ ਫ਼ਰਮਾਈ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਇਸ ਵੱਲ ਬਾਰ-ਬਾਰ ਤਵੱਜੋ ਦਵਾਈ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ **ਅੱਲਾਹ** ਅਤੇ **ਆਖ਼ਿਰਤ** ਦੇ ਦਿਨ 'ਤੇ ਈਮਾਨ ਲਿਆਉਣ ਵਾਲੇ ਮਹਿਮਾਨਾਂ ਦਾ ਜਾਇਜ਼ ਹੱਕ਼ ਅਦਾ ਕਰਦੇ ਹਨ ਜਾਂ ਕਰਨ। ਅਰਜ਼ ਕੀਤਾ ਗਿਆ ਕਿ ਜਾਇਜ਼ ਹੱਕ਼ ਕੀ? ਆਪ ﷺ ਨੇ ਫ਼ਰਮਾਇਆ ਕਿ ਇੱਕ ਦਿਨ ਅਤੇ ਰਾਤ ਦੀ ਮਹਿਮਾਨ ਨਵਾਜ਼ੀ। ਦੂਸਰੀ ਜਗ੍ਹਾ ਇਹ ਵੀ ਰਿਵਾਇਤ ਮਿਲਦੀ ਹੈ ਕਿ ਤਿੰਨ ਦਿਨ ਤੱਕ ਉਸ ਦੀ ਮਹਿਮਾਨ ਨਵਾਜ਼ੀ ਕਰੋ।

ਅੱਜ ਕੱਲ ਜਲਸੇ ਦੇ ਦਿਨਾਂ ਵਿੱਚ ਜਿਹੜੇ ਮਹਿਮਾਨ ਆ ਰਹੇ ਹਨ, ਇਹ ਦੂਰ ਦੁਰਾਡੇ ਦਾ **ਸਫ਼ਰ** ਕਰਕੇ ਆ ਰਹੇ ਹਨ, ਦੂਸਰੇ ਮੁਲਕਾਂ ਤੋਂ ਆ ਰਹੇ ਹਨ। ਇਹ ਤਾਂ ਤਿੰਨ ਦਿਨ ਤੋਂ ਜ਼ਿਆਦਾ ਵੀ ਠਹਿਰਣਗੇ। ਜਮਾਅਤੀ ਪ੍ਰਬੰਧ ਦੇ ਤਹਿਤ ਜਿੰਨੇ ਦਿਨ ਵੀ ਠਹਿਰਣ, ਤਿੰਨ ਤੋਂ ਚਾਰ ਹਫ਼ਤੇ ਤੱਕ ਜਾਂ ਦੋ ਤਿੰਨ ਹਫ਼ਤੇ ਤੱਕ, ਜਮਾਅਤ ਉਨ੍ਹਾਂ ਦੀ ਮਹਿਮਾਨ ਨਵਾਜ਼ੀ ਕਰਦੀ ਹੈ। ਇਸ ਦੇ ਲਈ ਅੱਲਾਹ ਤਆਲਾ ਦਾ ਬੜਾ ਇਹਸਾਨ ਹੈ ਕਿ ਜਮਾਅਤ ਦੇ ਕੋਲ ਇਨ੍ਹਾਂ ਦੀ ਮਹਿਮਾਨ ਨਵਾਜ਼ੀ ਕਰਨ ਦੇ ਲਈ ਇੰਨੀ ਵੱਡੀ ਤਾਦਾਦ ਵਿੱਚ ਕਾਰਕੁਨ ਮੁਹਈਆ ਹਨ ਜਿਹੜੇ ਪੇਡ (Paid) ਕਾਰਕੁਨ ਨਹੀਂ ਹਨ। ਤਿੰਨ ਤੋਂ

ਚਾਰ ਹਫ਼ਤਿਆਂ ਤੱਕ ਰਜ਼ਾਕਾਰ ਆਪਣੇ ਆਪ ਨੂੰ ਇਸ **ਮਕ਼ਸਦ** ਦੇ ਲਈ ਪੇਸ਼ ਕਰਦੇ ਹਨ ਬਲਕਿ ਮਹਿਮਾਨ ਨਵਾਜ਼ੀ ਦਾ ਇੱਥੇ ਯੂ.ਕੇ (U.K) ਵਿੱਚ ਇੰਨਾ ਵੱਡਾ ਪ੍ਰਬੰਧ ਹੋ ਗਿਆ ਹੈ ਕਿ ਸਾਰਾ ਸਾਲ ਹੀ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਲੰਗਰ ਚੱਲਦਾ ਹੈ ਕਿਉਂਕਿ ਇੱਥੇ **ਖ਼ਿਲਾਫ਼ਤ** ਮੌਜੂਦ ਹੈ ਅਤੇ ਖ਼ਲੀਫ਼ਾ ਵਕ਼ਤ ਦੀ ਮੌਜੂਦਗੀ ਦੀ ਵਜ੍ਹਾ ਨਾਲ਼ ਲੋਕਾਂ ਦਾ ਇੱਥੇ ਆਉਣਾ ਜਾਣਾ ਬਹੁਤ ਜ਼ਿਆਦਾ ਹੈ ਅਤੇ ਇਸ ਦੀ ਵਜ੍ਹਾ ਨਾਲ਼ ਮਹਿਮਾਨ ਨਵਾਜ਼ੀ ਵੀ ਕਰਨੀ ਪੈਂਦੀ ਹੈ। ਅੱਲਾਹ ਤਆਲਾ ਇਨ੍ਹਾਂ ਸਭ ਨੂੰ ਜਜ਼ਾ ਦੇਵੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਮਹਿਮਾਨ ਦੇ ਜਜ਼ਬਾਤ ਬਹੁਤ **ਨਾਜ਼ੁਕ** ਹੁੰਦੇ ਹਨ। ਇਸ ਲਈ ਉਨ੍ਹਾਂ ਦਾ ਹਮੇਸ਼ਾ ਖ਼ਿਆਲ ਰੱਖਣਾ ਚਾਹੀਦਾ ਹੈ। ਬਸ ਸਾਨੂੰ ਇਸ ਗੱਲ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਮਹਿਮਾਨਾਂ ਦੀ ਹਰ ਤਰ੍ਹਾਂ ਸੇਵਾ ਕਰਨੀ ਹੈ। ਜੇਕਰ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਹੈ ਤਾਂ ਫਿਰ ਅੱਲਾਹ ਤਆਲਾ ਦੀ ਰਜ਼ਾ ਹਾਸਿਲ ਕਰਨ ਦੇ ਲਈ ਇਸ ਫ਼ਰਜ਼ ਨੂੰ ਅਦਾ ਕਰਨ ਦੀ ਜਿੱਥੋਂ ਤੱਕ ਹੋ ਸਕੇ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ ਤਾਂ ਜੋ ਇਸ ਸੇਵਾ ਦੇ ਬਦਲੇ ਅੱਲਾਹ ਤਆਲਾ ਵੀ ਸਾਡੇ ਨਾਲ਼ ਰਾਜ਼ੀ ਹੋ ਜਾਵੇ ਅਤੇ ਜਿੱਥੋਂ ਤੱਕ ਹੋ ਸਕੇ ਅਸੀਂ ਮਸੀਹਿ ਮੁਹੱਮਦੀ ਦੇ ਮਹਿਮਾਨਾਂ ਦੀ ਸੇਵਾ ਦਾ ਹੱਕ਼ ਅਦਾ ਕਰ ਸਕੀਏ।

ਸਾਡੇ ਕਾਰਕੁਨਾਨ ਜਿਹੜੇ ਮਹਿਮਾਨ ਨਵਾਜ਼ੀ ਕਰਦੇ ਹਨ ਜਾਂ ਸਾਡੇ ਜਲਸੇ ਦੇ ਜਿਹੜੇ ਪ੍ਰਬੰਧ ਹੁੰਦੇ ਹਨ, ਇਨ੍ਹਾਂ ਪ੍ਰਬੰਧਾਂ ਤੋਂ ਬਾਹਰ ਤੋਂ ਆਏ ਹੋਏ ਗ਼ੈਰ ਅਜ਼ ਜਮਾਅਤ ਅਤੇ ਗ਼ੈਰ ਮੁਸਲਿਮ ਮਹਿਮਾਨ ਵੀ ਬਹੁਤ ਪ੍ਰਭਾਵਿਤ ਹੁੰਦੇ ਹਨ। ਉਹ ਇਹ ਦੇਖ ਕੇ ਹੈਰਾਨ ਹੁੰਦੇ ਹਨ ਕਿ ਕਾਰਕੁਨਾਨ ਦਾ ਇੱਕ ਪੂਰਾ ਨਿਜ਼ਾਮ ਹੈ ਜਿਹੜਾ ਇੱਥੇ ਚਲਾਇਆ ਜਾ ਰਿਹਾ ਹੈ ਜਿਸ ਵਿੱਚ **ਟ੍ਰੈਫ਼ਿਕ** ਦਾ ਪ੍ਰਬੰਧ ਹੈ, **ਖਾਣਾ** ਖਵਾਉਣ ਦਾ ਪ੍ਰਬੰਧ ਹੈ, **ਸਫ਼ਾਈ** ਦਾ ਪ੍ਰਬੰਧ ਹੈ, **ਪਕਾਉਣ** ਦਾ ਪ੍ਰਬੰਧ ਹੈ, **ਪਾਣੀ** ਦੀ ਸਪਲਾਈ ਦਾ ਪ੍ਰਬੰਧ ਹੈ ਭਾਵ ਕਿ ਬੇਸ਼ੁਮਾਰ ਨਜ਼ਾਮਤਾਂ ਹਨ ਜਿਨ੍ਹਾਂ ਵਿੱਚ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਜਮਾਅਤ ਦੇ ਵਾਲੰਟੀਅਰ ਕੰਮ ਕਰ ਰਹੇ ਹਨ। ਗ਼ੈਰ ਲੋਕ ਇਹ ਦੇਖ ਕੇ ਬਹੁਤ ਪ੍ਰਭਾਵਿਤ ਹੁੰਦੇ ਹਨ। ਇਹ ਵੀ **ਤਬਲੀਗ਼** ਦਾ ਇੱਕ ਜ਼ਰੀਆ ਹੈ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਮਹਿਮਾਨਾਂ ਦੀ ਕਿਸ ਹੱਦ ਤੱਕ ਸੇਵਾ ਕਰਦੇ ਸਨ ਜਾਂ ਉਨ੍ਹਾਂ ਦਾ ਖ਼ਿਆਲ ਰਖਵਾਇਆ ਕਰਦੇ ਸਨ। ਇੱਕ ਰਿਵਾਇਤ ਵਿੱਚ ਆਉਂਦਾ ਹੈ ਕਿ ਆਪ ﷺ ਮਹਿਮਾਨਾਂ ਦਾ ਬਹੁਤ ਖ਼ਿਆਲ ਰੱਖਦੇ ਸਨ। ਹਜ਼ਰਤ ਹਾਫ਼ਿਜ਼ ਹਾਮਿਦ ਅਲੀ ਰਜ਼ਿ ਅੱਲਾਹੁ ਅਨਹੁ **ਲੰਗਰ ਖ਼ਾਨੇ** ਦੇ ਮਹਿਮਾਨਾਂ ਦਾ ਖ਼ਿਆਲ ਰੱਖਣ ਦੇ ਲਈ ਨਿਯੁਕਤ ਕੀਤੇ ਗਏ ਸਨ। ਆਪ ﷺ ਉਨ੍ਹਾਂ ਨੂੰ ਤਵੱਜੋ ਦਵਾਉਂਦੇ ਸਨ ਕਿ ਇਨ੍ਹਾਂ ਮਹਿਮਾਨਾਂ ਦਾ ਖ਼ਾਸ ਖ਼ਿਆਲ ਰੱਖੋ ਅਤੇ ਆਮ ਦਿਨਾਂ ਵਿੱਚ ਮਹਿਮਾਨਾਂ ਦੀ ਹੈਸੀਅਤ ਦੇ ਮੁਤਾਬਿਕ਼ ਉਨ੍ਹਾਂ ਦੀ ਸੇਵਾ ਵੀ ਕਰੋ।

ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਮਹਿਮਾਨ ਨਵਾਜ਼ੀ ਦੇ ਬਾਰੇ ਬਹੁਤ ਸਾਰੇ ਵਾਕ਼ਿਆਤ ਮਿਲ਼ਦੇ ਹਨ ਜਿਹੜੇ ਆਪ ﷺ ਦੀ **ਸ਼ਫ਼ਕ਼ਤ**, **ਜ਼ਿੰਮੇਦਾਰੀ** ਦੇ ਅਹਿਸਾਸ ਅਤੇ ਮਹਿਮਾਨਾਂ ਨਾਲ਼ ਚੰਗੇ **ਸਲੂਕ** ਦਾ ਬਿਹਤਰੀਨ ਨਮੂਨਾ ਪੇਸ਼ ਕਰਦੇ ਹਨ। ਹਜ਼ਰਤ ਡਾਕਟਰ ਹਸ਼ਮਤੁੱਲਾਹ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਲਸੇ ਦੇ ਮੌਕ਼ੇ 'ਤੇ ਜਮਾਅਤੀ ਇਜਲਾਸ ਵਿੱਚ ਸ਼ਰੀਕ ਹੋਣ ਦੀ ਵਜ੍ਹਾ ਨਾਲ਼ ਉਹ ਖਾਣਾ ਨਾ ਖਾ ਸਕੇ। ਇਜਲਾਸ ਖ਼ਤਮ ਹੋਣ ਦੇ ਬਾਅਦ ਜਦ ਉਹ ਰਾਤ ਗਏ ਲੰਗਰ ਖ਼ਾਨੇ ਪਹੁੰਚੇ ਤਾਂ ਖਾਣਾ ਖ਼ਤਮ ਹੋ ਚੁੱਕਿਆ ਸੀ। ਸਿਰਫ਼ **ਰੋਟੀ** ਦਾ ਇੱਕ ਟੁਕੜਾ ਮਿਲਿਆ ਜਿਸ ਨੂੰ ਉਹ ਖਾਣ ਲੱਗੇ। ਇਸੇ ਦੌਰਾਨ ਦਰਵਾਜ਼ੇ 'ਤੇ ਦਸਤਕ ਹੋਈ ਅਤੇ ਆਵਾਜ਼ ਦਿੱਤੀ ਗਈ ਕਿ ਜੇਕਰ ਕੋਈ ਮਹਿਮਾਨ ਭੁੱਖਾ ਰਹਿ ਗਿਆ ਹੈ ਤਾਂ ਲੰਗਰ ਖ਼ਾਨੇ ਵਿੱਚ ਆ ਕੇ ਖਾਣਾ ਖਾ ਲਵੇ। ਅਗਲੇ ਦਿਨ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਰਾਤ ਅੱਲਾਹ ਤਆਲਾ ਨੇ **ਇਲਹਾਮ** ਕੀਤਾ:

يٰٓاَيُّهَا النَّبِيُّ اَطْعِمُوا الْجَآئِعَ وَالْمُعْتَرَّ۞

ਐ ਨਬੀ! ਭੁੱਖੇ ਅਤੇ ਲੋੜਵੰਦ ਨੂੰ ਖਾਣਾ ਖਵਾਓ।

ਇਸ ਵਾਕ਼ੇ ਤੋਂ ਪਤਾ ਲੱਗਦਾ ਹੈ ਕਿ ਅੱਲਾਹ ਤਆਲਾ ਆਪਣੇ ਮਹਿਮਾਨਾਂ ਦੀ ਤਕਲੀਫ਼ ਦਾ ਵੀ ਅਹਿਸਾਸ ਕਰਦਾ ਹੈ। ਇਸ ਲਈ ਜਲਸੇ ਦੇ ਪ੍ਰਬੰਧਕਾਂ ਨੂੰ ਹਮੇਸ਼ਾ ਇਸ ਗੱਲ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਜਿਹੜੇ ਮਹਿਮਾਨ ਸਫ਼ਰ

ਦੀ ਵਜ੍ਹਾ ਨਾਲ ਦੇਰ ਨਾਲ ਪਹੁੰਚਣ ਜਾਂ ਕਿਸੇ ਮਜਬੂਰੀ ਦੀ ਬਿਨਾ 'ਤੇ ਵੇਲੇ ਸਿਰ ਖਾਣਾ ਨਾ ਖਾ ਸਕਣ ਉਨ੍ਹਾਂ ਦੇ ਲਈ ਵੀ ਮੁਨਾਸਿਬ ਅਤੇ ਤਾਜ਼ਾ ਖਾਣੇ ਦਾ ਪ੍ਰਬੰਧ ਮੌਜੂਦ ਹੋਵੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਇਹ ਵੀ ਫ਼ਰਮਾਇਆ ਕਿ ਮੇਰੇ ਮੁਰੀਦ ਚਾਹੇ **ਗ਼ਰੀਬ** ਹੋਣ ਚਾਹੇ **ਅਮੀਰ**, ਸਭ ਮੇਰੇ ਨਜ਼ਦੀਕ ਬਰਾਬਰ ਹਨ। ਇਸ ਲਈ ਜੇਕਰ **ਗੋਸ਼ਤ** ਅਤੇ ਪਲਾਓ ਪਕਾਇਆ ਜਾਵੇ ਤਾਂ ਸਭ ਦੇ ਲਈ ਹੋਵੇ ਅਤੇ ਜੇਕਰ **ਦਾਲ** ਹੋਵੇ ਤਾਂ ਉਹ ਵੀ ਸਭ ਨੂੰ ਇੱਕੋ ਜਿਹੀ ਦਿੱਤੀ ਜਾਵੇ। ਇਸ ਸਿੱਖਿਆ ਨਾਲ **ਬਰਾਬਰੀ**, **ਅਦਲ** ਅਤੇ **ਭਾਈਚਾਰੇ** ਦਾ ਉੱਚਾ ਮਿਆਰ ਕ਼ਾਇਮ ਹੁੰਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਤਰੀਕ਼ਾ ਸੀ। ਆਪ ﷺ ਦੀ ਨਸੀਹਤ ਕਰਨ ਦਾ ਅੰਦਾਜ਼ ਸੀ ਅਤੇ ਆਪ ﷺ ਦੀ ਮਹਿਮਾਨ ਨਵਾਜ਼ੀ ਦਾ ਤਰੀਕ਼ਾ ਸੀ।

ਬ-ਹਰ-ਹਾਲ ਇਸ ਗੱਲ ਦਾ ਮਹਿਮਾਨਾਂ ਨੂੰ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਲੰਗਰ ਦੇ ਪ੍ਰਬੰਧ ਦੇ ਤਹਿਤ ਜਿਹੜਾ ਖਾਣਾ ਪੱਕਦਾ ਹੈ, ਜੋ ਵੀ ਮਿਲਦਾ ਹੈ, ਉਸ ਨੂੰ **ਸਬਰ** ਅਤੇ **ਸ਼ੁਕਰ** ਨਾਲ ਖਾ ਲੈਣਾ ਚਾਹੀਦਾ ਹੈ। ਜਦ ਤੁਸੀਂ ਇੱਥੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਬੁਲਾਉਣ 'ਤੇ ਆਏ ਹੋ ਅਤੇ ਇਸ ਮਕ਼ਸਦ ਦੇ ਲਈ ਆਏ ਹੋ ਕਿ ਅਸੀਂ ਇੱਥੇ ਰੂਹਾਨੀ **ਮਾਇਦਾ** ਹਾਸਿਲ ਕਰਨਾ ਹੈ ਤਾਂ ਰੋਹਾਨੀ ਮਾਇਦੇ ਦੇ ਵੱਲ ਜ਼ਿਆਦਾ ਤਵੱਜੋ ਹੋਣੀ ਚਾਹੀਦੀ ਹੈ ਅਤੇ ਜੇਕਰ ਖਾਣੇ ਵਿੱਚ ਕੋਈ ਕਮੀ ਬੇਸ਼ੀ ਹੋ ਵੀ ਜਾਵੇ ਤਾਂ ਬਰਦਾਸ਼ਤ ਕਰ ਲੈਣੀ ਚਾਹੀਦੀ ਹੈ ਅਤੇ **ਮੁਤਾਲਬਾ** ਨਹੀਂ ਕਰਨਾ ਚਾਹੀਦਾ। ਇਸ ਲਈ ਮਹਿਮਾਨ ਵੀ ਇਸ ਗੱਲ ਦਾ ਖ਼ਿਆਲ ਰੱਖਣ ਕਿ ਇਨ੍ਹਾਂ ਤਿੰਨਾਂ ਦਿਨਾਂ ਵਿੱਚ ਜੋ ਵੀ ਮਿਲ ਜਾਵੇ ਉਸ ਨੂੰ ਸਬਰ ਅਤੇ ਸ਼ੁਕਰ ਨਾਲ ਖਾ ਲੈਣ ਅਤੇ ਕਿਸੇ ਕ਼ਿਸਮ ਦਾ ਅਜਿਹਾ ਇਜ਼ਹਾਰ ਨਾ ਕਰਨ ਕਿ ਇਹ ਚੀਜ਼ ਸਾਨੂੰ ਪਸੰਦ ਨਹੀਂ ਅਤੇ ਅਸੀਂ ਨਹੀਂ ਖਾਣੀ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਮਹਿਮਾਨਾਂ ਨੂੰ ਪੇਸ਼ ਕੀਤੇ ਜਾਣ ਵਾਲੇ ਖਾਣੇ ਦੇ ਮਿਆਰ ਦੇ ਬਾਰੇ ਇਹਤਿਆਤ 'ਤੇ ਆਧਾਰਿਤ ਇੱਕ ਰਿਵਾਇਤ ਪੇਸ਼ ਕਰਨ ਦੇ ਬਾਅਦ ਹਜ਼ੂਰ ਅਨਵਰ ਨੇ ਤਲਕ਼ੀਨ ਫ਼ਰਮਾਈ ਕਿ ਖਾਣਾ ਪਕਾਉਣ ਦੀ ਡਿਊਟੀ ਵਾਲੇ ਜਿਹੜੇ ਕਾਰਕੁਨਾਨ ਹਨ ਉਨ੍ਹਾਂ ਨੂੰ ਵੀ ਇਹਤਿਆਤ ਕਰਨੀ ਚਾਹੀਦੀ ਹੈ ਕਿ ਇਨ੍ਹਾਂ ਦਿਨਾਂ ਵਿੱਚ, ਖ਼ਾਸ ਤੌਰ 'ਤੇ ਅੱਜ ਕੱਲ ਕਿਉਂਕਿ ਗਰਮੀ ਦਾ ਮੌਸਮ ਹੈ, ਖਾਣੇ ਦਾ ਪ੍ਰਬੰਧ ਅਜਿਹਾ ਹੋਣਾ ਚਾਹੀਦਾ ਹੈ ਕਿ ਖਾਣਾ ਸਹੀ ਤਰ੍ਹਾਂ ਮਹਿਫ਼ੂਜ਼ ਰਹੇ ਅਤੇ ਦੇਰ ਤੱਕ ਪਿਆ ਨਾ ਰਹੇ ਅਤੇ ਖ਼ਾਸ ਤੌਰ 'ਤੇ ਦਾਲ ਵਗ਼ੈਰਾ ਜਿਸ ਵਿੱਚ ਛੇਤੀ **ਸੜਾਂਧ** ਪੈਦਾ ਹੋ ਜਾਂਦੀ ਹੈ, ਉਹ ਦੇਰ ਤੱਕ ਰੱਖ ਕੇ ਮਹਿਮਾਨਾਂ ਨੂੰ ਨਾ ਦਿੱਤਾ ਜਾਵੇ। ਇਸ ਦਾ ਖ਼ਿਆਲ ਰੱਖੋ ਅਤੇ ਪਹਿਲੇ ਖਾਣੇ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਿਆ ਕਰੋ।

ਹਮੇਸ਼ਾ ਯਾਦ ਰੱਖੋ ਕਿ ਜਿਸ ਨੇਕ ਮਕ਼ਸਦ ਦੇ ਲਈ ਤੁਸੀਂ ਆਏ ਹੋ ਉਸੇ ਨੂੰ ਤੁਸੀਂ ਪੂਰਾ ਕਰਨਾ ਹੈ ਜੇਕਰ ਇਹ ਨਹੀਂ ਤਾਂ ਫਿਰ ਕੋਈ ਫ਼ਾਇਦਾ ਨਹੀਂ ਹੋਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਥੇ ਨਮਾਜ਼ਾਂ ਦਾ ਬਾ-ਕ਼ਾਇਦਾ ਪ੍ਰਬੰਧ ਤਾਂ ਹੈ ਪਰ ਜਿਹੜੇ ਲੋਕ ਲੰਮਾ ਕ਼ਿਆਮ ਕਰ ਰਹੇ ਹਨ, ਜਮਾਅਤੀ ਕ਼ਿਆਮ ਗਾਹਾਂ ਵਿੱਚ ਰਹਿ ਰਹੇ ਹਨ, ਜਲਸੇ ਦੇ ਬਾਅਦ ਵੀ ਉਨ੍ਹਾਂ ਨੇ ਨਮਾਜ਼ਾਂ ਵੱਲ ਬਾ-ਕ਼ਾਇਦਾ ਤਵੱਜੋ ਦੇਣੀ ਹੈ ਅਤੇ ਬਾ-ਜਮਾਅਤ ਨਮਾਜ਼ ਪੜ੍ਹਨ ਦੀ ਕੋਸ਼ਿਸ਼ ਕਰਨੀ ਹੈ।

ਇਨ੍ਹਾਂ ਦਿਨਾਂ ਵਿੱਚ ਜਿਹੜੇ ਇੱਥੇ **ਟੈਂਟਾਂ** ਵਿੱਚ ਰਹਿ ਰਹੇ ਹਨ ਜਾਂ **ਮਾਰਕੀਆਂ** ਵਿੱਚ ਰਹਿ ਰਹੇ ਹਨ ਇਨ੍ਹਾਂ ਸਭ ਨੂੰ ਵੀ ਚਾਹੀਦਾ ਹੈ ਕਿ ਇੱਥੇ ਤਿੰਨ ਦਿਨਾਂ ਵਿੱਚ **ਤਹੱਜੁਦ** ਵੀ ਹੁੰਦੀ ਹੈ, ਤਹੱਜੁਦ ਦੇ ਵੇਲੇ ਜਦ ਉਠਾਇਆ ਜਾਵੇ ਤਾਂ ਉੱਠਣਾ ਚਾਹੀਦਾ ਹੈ। ਇਸ ਪਾਸੇ ਖ਼ਾਸ ਤਵੱਜੋ ਦੇਣ। ਨਮਾਜ਼ਾਂ ਦੀ ਬਾ-ਕ਼ਾਇਦਗੀ ਤਾਂ ਹੈ ਹੀ ਪਰ ਤਹੱਜੁਦ ਦੀ ਬਾ-ਕ਼ਾਇਦਗੀ ਦੀ ਵੀ ਖ਼ਾਸ ਤੌਰ 'ਤੇ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਮੌਸਮ ਦੀ **ਖ਼ੁਸ਼ਕੀ** ਦੇ ਬਾਰੇ ਇਨਫ਼ਿਰਾਦੀ ਅਤੇ ਇਜਤਿਮਾਈ ਕ਼ਿਆਮ ਗਾਹਾਂ ਵਿੱਚ ਕਿਸੇ ਵੀ ਕ਼ਿਸਮ ਦੀ ਅੱਗ ਨਾ ਬਾਲੇ ਜਾਣ ਦੇ ਬਾਰੇ ਤਾਕੀਦ ਕਰਦੇ ਹੋਏ ਫ਼ਰਮਾਇਆ ਕਿ ਕਿਸੇ ਜਗ੍ਹਾ 'ਤੇ ਬੈਠ ਕੇ ਕਿਸੇ ਵੀ ਕ਼ਿਸਮ ਦੀ **ਚਿੰਗਾਰੀ** ਤੋਂ ਪਰਹੇਜ਼ ਕਰੋ ਅਤੇ ਇਹਤਿਆਤ ਕਰੋ ਕਿ ਇਸ ਦੀ ਵਜ੍ਹਾ ਨਾਲ ਕੋਈ ਹਾਦਸਾ ਵੀ ਪੇਸ਼ ਆ ਸਕਦਾ ਹੈ।

**ਸਫ਼ਾਈ** ਦੀ ਅਹਿਮੀਅਤ ‘ਤੇ ਜ਼ੋਰ ਦਿੰਦੇ ਹੋਏ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬੇਸ਼ੱਕ ਪ੍ਰਬੰਧਕ ਗ਼ੁਸਲ ਖ਼ਾਨਿਆਂ ਵਿੱਚ ਟੋਇਲਟਸ ਅਤੇ ਦੂਜੀਆਂ ਜਗਾਹਾਂ ‘ਤੇ ਸਫ਼ਾਈ ਦਾ ਪ੍ਰਬੰਧ ਕਰਦੇ ਹਨ ਪਰ ਹਰ ਮਹਿਮਾਨ ਅਤੇ ਹਰ ਕਾਰਕੁਨ ਦੀ ਵੀ ਜ਼ਿੰਮੇਦਾਰੀ ਹੈ ਕਿ ਇਸਤੇਮਾਲ ਦੇ ਬਾਅਦ ਸਫ਼ਾਈ ਦਾ ਖ਼ਿਆਲ ਰੱਖੇ। ਹਦੀਸਿ ਨਬਵੀ ﷺ ਦੇ ਮੁਤਾਬਿਕ਼ ਸਫ਼ਾਈ ਇਮਾਨ ਦਾ ਹਿੱਸਾ ਹੈ ਅਤੇ ਜਦ ਜਲਸੇ ਵਿੱਚ ਇਮਾਨ ਵਧਾਉਣ ਦੇ ਲਈ ਆਏ ਹਾਂ ਤਾਂ ਸਫ਼ਾਈ ਨੂੰ ਵੀ ਇਬਾਦਤ ਸਮਝਦੇ ਹੋਏ ਇਸ ਦਾ ਖ਼ਾਸ ਪ੍ਰਬੰਧ ਹੋਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿੱਚ ਹਰ ਸ਼ਖ਼ਸ ਆਪਣੇ ਆਪ ਨੂੰ **ਕਾਰਕੁਨ** ਸਮਝੇ ਅਤੇ ਜਿੱਥੇ ਵੀ ਲੋੜ ਮਹਿਸੂਸ ਹੋਵੇ ਮਦਦ ਕਰੇ।

ਇਸ ਦੇ ਨਾਲ਼ ਹਜ਼ੂਰ ਅਨਵਰ ਨੇ ਇਮਾਨ ਦੇ ਮਿਆਰ ਬੁਲੰਦ ਕਰਨ ਦੇ ਵੱਲ ਖ਼ਸੂਸੀ ਤਵੱਜੋ ਦਵਾਈ। ਵਿਹਲੇ ਵੇਲ਼ੇ ਵਿੱਚ **ਜ਼ਿਕਰਿ ਇਲਾਹੀ**, **ਦਰੂਦ ਸ਼ਰੀਫ਼**, **ਇਸਤਿਗ਼ਫ਼ਾਰ** ਅਤੇ **ਦੁਆਵਾਂ** ਵਿੱਚ ਰੁੱਝੇ ਰਹੋ। ਗ਼ੈਰ ਜ਼ਰੂਰੀ ਗੁਫ਼ਤਗੂ, ਫ਼ਜ਼ੂਲ ਕੰਮ ਅਤੇ ਬੇ-ਫ਼ਾਇਦਾ ਗੱਲਾਂ ਤੋਂ ਪਰਹੇਜ਼ ਕਰੋ ਅਤੇ ਦੀਨੀ ਗੁਫ਼ਤਗੂ ਅਤੇ ਜ਼ਿਕਰਿ ਇਲਾਹੀ ਨੂੰ ਆਪਣੀ ਮਜਲਿਸ ਦਾ ਹਿੱਸਾ ਬਣਾਓ। ਇਸੇ ਤਰ੍ਹਾਂ ਜਲਸੇ ਵਿੱਚ ਕ਼ਾਇਮ ਕੀਤੀਆਂ ਜਾਣ ਵਾਲ਼ੀਆਂ ਵੱਖ-ਵੱਖ **ਨੁਮਾਇਸ਼ਾਂ** ਤੋਂ ਵੀ ਜ਼ਰੂਰ ਫ਼ਾਇਦਾ ਉਠਾਓ। ਇਨ੍ਹਾਂ ਨੂੰ ਮਹਿਜ਼ ਦੇਖਣ ਦੀ ਚੀਜ਼ ਨਾ ਸਮਝੋ ਬਲਕਿ ਸ਼ੌਕ਼ ਅਤੇ ਤਵੱਜੋ ਨਾਲ਼ ਦੇਖੋ ਕਿਉਂਕਿ ਇਨ੍ਹਾਂ ਨਾਲ਼ ਇਲਮੀ, ਤਾਰੀਖ਼ੀ ਅਤੇ ਦੀਨੀ ਇਲਮ ਹਾਸਿਲ ਹੁੰਦਾ ਹੈ ਅਤੇ ਇਨਸਾਨ ਦੇ ਇਮਾਨ ਅਤੇ ਇਲਮ ਵਿੱਚ ਵਾਧਾ ਹੁੰਦਾ ਹੈ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਦੁਆ ਕੀਤੀ ਕਿ ਅੱਲਾਹ ਤਆਲਾ ਹਰ ਸ਼ਾਮਿਲ਼ ਹੋਣ ਵਾਲ਼ੇ ਨੂੰ ਜਲਸਾ ਸਾਲਾਨਾ ਦੀਆਂ **ਦੀਨੀ**, **ਰੂਹਾਨੀ** ਅਤੇ **ਇਲਮੀ** ਬਰਕਤਾਂ ਤੋਂ ਭਰਪੂਰ ਹਿੱਸਾ ਅਤਾ ਫ਼ਰਮਾਵੇ। ਇਹ ਬਰਕਤਾਂ ਇਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਹਮੇਸ਼ਾ ਕ਼ਾਇਮ ਰਹਿਣ ਅਤੇ ਇਨ੍ਹਾਂ ਦੀਆਂ ਆਇੰਦਾ ਨਸਲਾਂ ਤੱਕ ਜਾਣ। ਅੱਲਾਹ ਤਆਲਾ ਇਨ੍ਹਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਬਿਅਸਤ ਦੇ ਮਕ਼ਸਦ ਨੂੰ ਪੂਰਾ ਕਰਨ ਵਾਲ਼ਾ ਬਣਾਵੇ। ਹੋਰ ਤਲਕ਼ੀਨ ਕੀਤੀ ਕਿ ਜਲਸੇ ਦੇ ਇਫ਼ਤਿਤਾਹੀ ਖ਼ਿਤਾਬ ਅਤੇ ਦੂਜੀਆਂ ਤਮਾਮ ਤਕ਼ਰੀਰਾਂ ਨੂੰ ਪੂਰੀ **ਤਵੱਜੋ**, **ਗ਼ੌਰ** ਅਤੇ **ਇਖ਼ਲਾਸ** ਨਾਲ਼ ਸੁਣੋ ਅਤੇ ਉਨ੍ਹਾਂ ਵਿੱਚ ਬਿਆਨ ਹੋਣ ਵਾਲ਼ੀਆਂ ਨਸੀਹਤਾਂ ‘ਤੇ ਅਮਲ ਕਰਨ ਦੀ ਕੋਸ਼ਿਸ਼ ਕਰੋ। ਅੱਲਾਹ ਤਆਲਾ ਸਭ ਨੂੰ ਇਸ ਦੀ ਤੌਫ਼ੀਕ਼ ਅਤਾ ਫ਼ਰਮਾਵੇ। ਆਮੀਨ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞